ਜਦੋਂ ਤੁਹਾਡਾ ਬੱਚਾ ਵੱਡਾ ਹੋਵੇ, ਉਸ ਦਾ ਬੋਲਣਾ, ਭਾਸ਼ਾ ਅਤੇ ਸੁਣਨਾ ਚੈੱਕ ਕਰੋ:

## ਦੋ ਮਹੀਨਿਆਂ ਤੱਕ ਦੇ, ਬਹੁਤੇ ਬੱਚੇ...

- ਉੱਚੀ ਅਵਾਜ਼ ਨਾਲ ਤ੍ਰਬਕਦੇ ਹਨ
- ਜਾਣੀ-ਪਛਾਣੀ ਅਵਾਜ਼ ਨਾਲ ਚੁੱਪ ਹੋ ਜਾਂਦੇ ਹਨ
- “ਉਹ”, “ਆਹ” ਵਰਗੀਆਂ ਸਵਰ-ਧੁਨੀਆਂ ਕੱਢਦੇ ਹਨ

## ਚਾਰ ਮਹੀਨਿਆਂ ਤੱਕ ਦੇ, ਬਹੁਤੇ ਬੱਚੇ...

- ਅਵਾਜ਼ਾਂ ਵਲ ਅੱਖਾਂ ਨਾਲ ਦੇਖਦੇ ਹਨ
- ਬੁੜਬੁੜਾਉਣਾ ਸ਼ੁਰੂ ਕਰ ਦਿੰਦੇ ਹਨ
- ਕਿਲਕਾਰੀਆਂ ਮਾਰਨ, ਰੋਣ ਅਤੇ ਹੱਸਣ ਲਈ ਕਈ ਸੁਰਾਂ ਦਾ ਇਸਤੇਮਾਲ ਕਰਦੇ ਹਨ

## ਛੇ ਮਹੀਨਿਆਂ ਤੱਕ ਦੇ, ਬਹੁਤੇ ਬੱਚੇ...

- ਅਵਾਜ਼ ਵਲ ਸਿਰ ਘੁਮਾਉਂਦੇ ਹਨ
- ਅਵਾਜ਼ ਦੀ ਸੁਰ ਵਿੱਚਲੀਆਂ ਤਬਦੀਲੀਆਂ ਦੀ ਨਕਲ ਕਰਨ ਦੀ ਕੋਸ਼ਿਸ਼ ਕਰਦੇ ਹਨ
- ਬੁੜਬੜਾਉਂਦੇ ਹਨ (ਬਾ-ਬਾ, ਮਾ-ਮਾ, ਗਾ-ਗਾ)

## ਨੌਂ ਮਹੀਨਿਆਂ ਤੱਕ ਦੇ, ਬਹੁਤੇ ਬੱਚੇ...

- ਦੂਸਰਿਆਂ ਦੇ ਬੋਲਣ ਦੀਆਂ ਅਵਾਜ਼ਾਂ ਦੀ ਨਕਲ ਕਰਦੇ ਹਨ
- “ਨਾਂਹ-ਨਾਂਹ” ਜਾਂ “ਬਾਏ-ਬਾਏ” ਸਮਝਦੇ ਹਨ
- ਅੱਖਾਂ ਦੇ ਪੱਧਰ ਜਾਂ ਉਸ ਤੋਂ ਹੇਠਾਂ ਦੇ ਅਵਾਜ਼ ਦੇ ਸ੍ਰੋਤ ਨੂੰ ਭਾਲਣਗੇ

## ਬਾਰਾਂ ਮਹੀਨਿਆਂ ਤੱਕ ਦੇ, ਬਹੁਤੇ ਬੱਚੇ...

- ਦੋ ਜਾਂ ਤਿੰਨ ਸ਼ਬਦ ਕਹਿੰਦੇ ਹਨ
- ਜਦੋਂ ਖਿਡਾਉਣਾ ਮੰਗੋ, ਤਾਂ ਦਿੰਦੇ ਹਨ
- ਗਾਣੇ ਜਾਂ ਸੰਗੀਤ ਉੱਪਰ ਪ੍ਰਤੀਕਰਮ ਦਿਖਾਉਂਦੇ ਹਨ



ਹੋਰ ਜਾਣਕਾਰੀ ਲੈਣ ਲਈ ਆਪਣੇ ਸਥਾਨਕ ਪਬਲਿਕ ਹੈਲਥ ਆਡਿਓਲੌਜੀ ਕਲਿਨਿਕ ਨਾਲ ਸੰਪਰਕ ਕਰੋ, **www.phsa.ca/earlyhearing** ਉੱਤੇ ਬੀ ਸੀ ਈ ਐੱਚ ਪੀ ਦਾ ਵੈੱਬਸਾਈਟ ਦੇਖੋ ਜਾਂ 1-866-612-2347 ਉੱਤੇ ਫੋਨ ਕਰੋ।

Provincial Health Services Authority
Province-wide solutions.
Better health.

BCEHP-1 2009

# ਤੁਹਾਡੇ ਨਵਜੰਮੇ ਬੱਚੇ ਦੀ ਸੁਣਨ-ਸ਼ਕਤੀ

## ਜਾਂਚ ਦੇ ਨਤੀਜੇ



**BC Early Hearing Program**
**ਬੀ ਸੀ ਅਰਲੀ ਹੀਅਰਿੰਗ ਪ੍ਰੋਗਰਾਮ**

A service of BC Children's Hospital and the Provincial Health Services Authority
ਬੀ ਸੀ ਚਿਲਡਰਨ ਹਸਪਤਾਲ ਅਤੇ ਪ੍ਰੋਵਿੰਸ਼ਿਅਲ ਹੈਲਥ ਸਰਵਿਸਜ਼ ਅਥਾਰਟੀ ਦੀ ਇਕ ਸੇਵਾ

## ਇਹ ਜਾਣਨਾ ਮਹੱਤਵਪੂਰਨ ਹੈ ਕਿ ਤੁਹਾਡੇ ਬੱਚੇ ਦੀ ਸੁਣਨ ਸ਼ਕਤੀ ਠੀਕ ਹੈ

ਤੁਹਾਡੇ ਨਵਜੰਮੇ ਬੱਚੇ ਦੇ ਆਉਣ ਦੀਆਂ ਵਧਾਈਆਂ! ਤੁਹਾਡੇ ਬੱਚੇ ਦੀ ਬੋਲੀ ਅਤੇ ਭਾਸ਼ਾ ਦੇ ਵਿਕਸਤ ਹੋਣ ਲਈ ਚੰਗੀ ਸੁਣਨ-ਸ਼ਕਤੀ ਜ਼ਰੂਰੀ ਹੈ। ਨਵਜੰਮਿਆਂ ਦੀ ਸੁਣਨ-ਸ਼ਕਤੀ ਦੇ ਟੈੱਸਟ ਪਰਿਵਾਰਾਂ ਲਈ ਮਹੱਤਵਪੂਰਨ ਹਨ, ਕਿਉਂਕਿ ਜੇਕਰ ਬੱਚੇ ਦੀ ਜ਼ਿੰਦਗੀ ਦੇ ਸ਼ੁਰੂ ਵਿੱਚ ਸੁਣਨ-ਸ਼ਕਤੀ ਦੀ ਘਾਟ ਦਾ ਪਤਾ ਲੱਗ ਜਾਵੇ ਤਾਂ ਬਹੁਤ ਕੁਝ ਕੀਤਾ ਜਾ ਸਕਦਾ ਹੈ।

ਲਗਭਗ 300 ਬੱਚਿਆਂ ਵਿੱਚੋਂ ਇਕ ਬੱਚੇ ਵਿੱਚ ਜਨਮ ਸਮੇਂ ਸੁਣਨ-ਸ਼ਕਤੀ ਦੀ ਘਾਟ ਹੁੰਦੀ ਹੈ। ਇਹ ਗਿਣਤੀ ਉਹਨਾਂ ਬੱਚਿਆਂ ਵਿੱਚ ਵੱਧ ਜਾਂਦੀ ਹੈ, ਜਿਹਨਾਂ ਨੂੰ ਜਨਮ ਸਮੇਂ ਖਾਸ ਸੰਭਾਲ (ਸਪੈਸ਼ਲ ਕੇਅਰ) ਦੀ ਲੋੜ ਹੁੰਦੀ ਹੈ।

## ਸਕਰੀਨਿੰਗ ਜਲਦੀ ਹੋਣ ਵਾਲੀ, ਸੌਖੀ ਅਤੇ ਸੁਰੱਖਿਅਤ ਹੈ

ਤੁਹਾਡੇ ਬੱਚੇ ਦੇ ਕੰਨ ਵਿੱਚ ਧੀਮੀਆਂ ਅਵਾਜ਼ਾ ਵਜਾਈਆਂ ਜਾਂਦੀਆਂ ਹਨ। ਇਕ ਕੰਪਿਊਟਰ ਤੁਹਾਡੇ ਬੱਚੇ ਦੇ ਪ੍ਰਤੀਕਰਮ ਨਾਪਦਾ ਹੈ। ਇਕ ਸ਼ਾਂਤ ਬੱਚੇ ਦੀ ਜਾਂਚ ਕਰਨ ਲਈ, ਸਿਰਫ ਕੁਝ ਮਿੰਟ ਲਗਦੇ ਹਨ।

## ਆਪਣੇ ਬੱਚੇ ਦੀ ਸੁਣਨ-ਸ਼ਕਤੀ ਦਾ ਧਿਆਨ ਰੱਖਣਾ

ਸੁਣਨ-ਸ਼ਕਤੀ ਚੈੱਕ ਕਰਵਾਉਣ ਲਈ ਬੱਚਾ ਕਦੇ ਵੀ ਬਹੁਤ ਛੋਟਾ ਨਹੀਂ ਹੁੰਦਾ। ਬੱਚੇ ਜਿਉਂ ਜਿਉਂ ਵੱਡੇ ਹੁੰਦੇ ਹਨ, ਉਹਨਾਂ ਨੂੰ ਕੰਨਾਂ ਵਿੱਚ ਜਾਂ ਸੁਣਨ ਵਿੱਚ ਮੁਸ਼ਕਿਲ ਆ ਸਕਦੀ ਹੈ। ਕੁਝ ਬੱਚਿਆਂ ਨੂੰ ਵਾਰ ਵਾਰ ਕੰਨਾਂ ਦੀ ਇਨਫੈਕਸ਼ਨ ਹੋ ਸਕਦੀ ਹੈ ਜਾਂ ਗੰਭੀਰ ਬੀਮਾਰੀਆਂ ਲਗ ਸਕਦੀਆਂ ਹਨ ਜਿਹਨਾਂ ਕਾਰਨ ਬਾਅਦ ਵਿੱਚ ਸੁਣਨ ਵਿੱਚ ਨੁਕਸ ਪੈ ਸਕਦਾ ਹੈ।

ਜੇ ਤੁਹਾਨੂੰ ਆਪਣੇ ਬੱਚੇ ਦੇ ਸੁਣਨ ਜਾਂ ਬੋਲਣ ਵਿੱਚ ਤਬਦੀਲੀਆਂ ਹੋਣ ਜਾਂ ਦੇਰ ਹੋਣ ਦਾ ਸ਼ੱਕ ਪਵੇ ਤਾਂ ਤੁਰੰਤ ਕਦਮ ਚੁੱਕੋ। ਤੁਸੀਂ ਆਪਣੇ ਬੱਚੇ ਨੂੰ ਸਭ ਤੋਂ ਚੰਗੀ ਤਰ੍ਹਾਂ ਜਾਣਦੇ ਹੋ।

ਆਪਣੇ ਸਭ ਤੋਂ ਨਜ਼ਦੀਕ ਵਾਲੇ ਹੀਅਰਿੰਗ ਕਲਿਨਿਕ ਨਾਲ ਸੰਪਰਕ ਕਰੋ ਅਤੇ ਹੀਅਰਿੰਗ ਟੈੱਸਟ ਦਾ ਪ੍ਰਬੰਧ ਕਰੋ।

## ਕੀ ਮੇਰੇ ਬੱਚੇ ਨੂੰ ਬਾਅਦ ਵਿੱਚ ਸੁਣਨ ਸ਼ਕਤੀ ਦੇ ਨੁਕਸਾਨ ਹੋਣ ਦਾ ਖਤਰਾ ਹੈ?



ਜਾਂਚ (ਸਕਰੀਨਿੰਗ) ਸਮੇਂ ਬੱਚਿਆਂ ਦੀ ਉਹਨਾਂ ਗੱਲਾਂ ਲਈ ਵੀ ਜਾਂਚ ਕੀਤੀ ਜਾਂਦੀ ਹੈ, ਜਿਹੜੀਆਂ ਗੱਲਾਂ ਉਹਨਾਂ ਵਿੱਚ ਬਾਅਦ ਵਿੱਚ ਬਚਪਨ ਵਿੱਚ ਹੋਣ ਵਾਲੇ ਸੁਣਨ-ਸ਼ਕਤੀ ਦੇ ਨੁਕਸਾਨ ਦਾ ਖਤਰਾ ਬਣ ਸਕਦੀਆਂ ਹਨ।

ਜੇ ਤੁਹਾਡੇ ਬੱਚੇ ਵਿੱਚ ਖਤਰੇ ਦੇ ਹੇਠ ਲਿਖੇ ਕਾਰਨਾਂ ਵਿੱਚੋਂ ਕੋਈ ਇਕ ਕਾਰਨ ਮੌਜੂਦ ਹੋਵੇ ਤਾਂ ਹੋਰ ਟੈੱਸਟਾਂ ਦੀ ਸਿਫਾਰਸ਼ ਕੀਤੀ ਜਾਵੇਗੀ:

- ਜੇ ਨੇੜਲੇ ਪਰਿਵਾਰ ਦੇ ਕਿਸੇ ਮੈਂਬਰ ਵਿੱਚ ਬਚਪਨ ਵਿੱਚ ਸੁਣਨ-ਸ਼ਕਤੀ ਦਾ ਪੱਕਾ ਨੁਕਸਾਨ ਹੋਇਆ ਹੋਵੇ
- ਤਾਲੂ ਦਾ ਪਾੜ (ਕਲਿੱਫਟ ਪੈਲਟ)
- ਖਾਸ ਸਿੰਡਰੋਮ
- ਸ਼ੁਰੂ ਵਿੱਚ ਸਿਹਤ ਦੀਆਂ ਖਾਸ ਗੰਭੀਰ ਸਮੱਸਿਆਵਾਂ

ਆਪਣੇ ਬੱਚੇ ਦੀ ਸੁਣਨ-ਸ਼ਕਤੀ ਬਾਰੇ ਪੱਕਾ ਪਤਾ ਲਾਉਣ ਦਾ ਸਭ ਤੋਂ ਬਿਹਤਰ ਤਰੀਕਾ ਪੈਰਵੀ ਲਈ ਬਣਾਈਆਂ ਜਾਣ ਵਾਲੀਆਂ ਸਾਰੀਆਂ ਅਪੁਆਇੰਟਮੈਂਟਾਂ 'ਤੇ ਜਾਣਾ ਹੈ।

ਹੋਰ ਪ੍ਰੋਗਰਾਮ ਵੀ ਮੌਜੂਦ ਹੋ ਸਕਦੇ ਹਨ ਜਿੱਥੇ ਤੁਹਾਡੇ ਬੱਚੇ ਦੀ ਸੁਣਨ-ਸ਼ਕਤੀ ਨੂੰ ਬਾਕਾਇਦਗੀ ਨਾਲ ਚੈੱਕ ਕੀਤਾ ਜਾਂਦਾ ਹੋਵੇ, ਜਿਵੇਂ ਨਿਓਨੇਟਲ ਫੌਲੋਅੱਪ ਕਲਿਨਿਕ ਜਾਂ ਕਲਿੱਫਟ ਪੈਲਟ (ਤਾਲੂ ਦੇ ਪਾੜ ਨਾਲ ਸੰਬੰਧਤ) ਪ੍ਰੋਗਰਾਮ। ਤੁਹਾਨੂੰ ਇਹਨਾਂ ਵਿੱਚੋਂ ਕਿਸੇ ਇਕ ਪ੍ਰੋਗਰਾਮ ਅਤੇ ਬੀ ਸੀ ਈ ਐਚ ਪੀ (ਬ੍ਰਿਟਿਸ਼ ਕੋਲੰਬੀਆ ਅਰਲੀ ਹੀਅਰਿੰਗ ਪ੍ਰੋਗਰਾਮ) ਦੀ ਪਬਲਿਕ ਹੈਲਥ ਆਡਿਓਲੌਜੀ ਵਲੋਂ ਅਪੁਆਇੰਟਮੈਂਟਾਂ ਲਈ ਸੱਦਿਆ ਜਾ ਸਕਦਾ ਹੈ। ਜੇ ਤੁਸੀਂ ਕਿਸੇ ਹੋਰ ਪ੍ਰੋਗਰਾਮ ਤੋਂ ਸੇਵਾਵਾਂ ਲੈ ਰਹੇ ਹੋਵੋ ਤਾਂ ਕ੍ਰਿਪਾ ਕਰਕੇ ਉਹਨਾਂ ਨੂੰ ਇਸ ਬਾਰੇ ਦੱਸੋ। ਆਮ ਤੌਰ 'ਤੇ ਜੇ ਉਹ ਨੇੜੇ ਨੇੜੇ ਹਨ ਤਾਂ ਤੁਹਾਨੂੰ ਦੋਵੇਂ ਅਪੁਆਇੰਟਮੈਂਟਾਂ 'ਤੇ ਜਾਣ ਦੀ ਲੋੜ ਨਹੀਂ ਹੈ।

**ਤੁਹਾਡੇ ਬੱਚੇ ਦੀ ਸੁਣਨ-ਸ਼ਕਤੀ ਦੀ ਹੁਣੇ ਹੀ ਜਾਂਚ ਕੀਤੀ ਗਈ ਹੈ।**

**ਤਾਰੀਕ** ______________________

**ਤੁਹਾਡਾ ਬੱਚਾ** ______________________

☑ **ਸੁਣਨ-ਸ਼ਕਤੀ ਦੀ ਜਾਂਚ ਵਿੱਚ ਪਾਸ ਹੋ ਗਿਆ ਹੈ।**

☐ ☐ **ਹੋਰ ਟੈਸਟਾਂ ਦੀ ਸਿਫਾਰਿਸ਼ ਕੀਤੀ ਗਈ ਹੈ।**
**ਹਾਂ ਨਹੀਂ**

## ਪਾਸ ਹੋਣ ਦਾ ਕੀ ਅਰਥ ਹੈ?

ਸੁਣਨ-ਸ਼ਕਤੀ ਦੀ ਜਾਂਚ ਵਿੱਚ ਪਾਸ ਹੋਣ ਤੋਂ ਭਾਵ ਹੈ ਕਿ ਤੁਹਾਡੇ ਬੱਚੇ ਦੀ ਸੁਣਨ-ਸ਼ਕਤੀ ਦੇ ਨੁਕਸਾਨ ਹੋਣ ਦੇ ਮੌਕੇ ਨਹੀਂ ਹਨ। ਫਿਰ ਵੀ ਬਚਪਨ ਵਿੱਚ ਬਾਅਦ ਵਿੱਚ ਬੱਚਿਆਂ ਦੀ ਸੁਣਨ-ਸ਼ਕਤੀ ਦਾ ਨੁਕਸਾਨ ਹੋ ਸਕਦਾ ਹੈ, ਇਸ ਲਈ ਜੇ ਤੁਹਾਡਾ ਕੋਈ ਵੀ ਸਰੋਕਾਰ ਹੋਵੇ ਤਾਂ ਆਪਣੇ ਬੱਚੇ ਦੀ ਸੁਣਨ-ਸ਼ਕਤੀ ਦੀ ਜਾਂਚ ਕਰਵਾਉਣਾ ਜ਼ਰੂਰੀ ਹੈ।

ਬੀ ਸੀ ਅਰਲੀ ਹੀਅਰਿੰਗ ਪ੍ਰੋਗਰਾਮ (ਬੀ ਸੀ ਈ ਐੱਚ ਪੀ), ਬੀ ਸੀ ਚਿਲਡਰਨ ਹਸਪਤਾਲ ਅਤੇ ਪ੍ਰੌਵਿੰਸ਼ਿਅਲ ਹੈਲਥ ਸਰਵਿਸਜ਼ ਅਥਾਰਟੀ (ਪੀ ਐੱਚ ਐੱਸ ਏ) ਦੀ ਸੇਵਾ ਹੈ। ਤੁਹਾਡੇ ਪਰਿਵਾਰ ਨੂੰ ਸੇਵਾਵਾਂ ਪ੍ਰਦਾਨ ਕਰਨ ਵਿੱਚ ਆਪਣੀ ਮਦਦ ਕਰਨ ਲਈ ਹੋ ਸਕਦਾ ਹੈ ਕਿ ਬੀ ਸੀ ਈ ਐਚ ਪੀ ਨੂੰ ਤੁਹਾਡੇ ਬੱਚੇ ਬਾਰੇ ਜਾਣਕਾਰੀ ਉਹਨਾਂ ਪੇਸ਼ਾਵਰ (ਪ੍ਰੋਫੈਸ਼ਨਲਜ਼) ਲੋਕਾਂ ਨਾਲ ਸਾਂਝੀ ਕਰਨ ਦੀ ਲੋੜ ਹੋਵੇ ਜੋ ਇਸ ਪ੍ਰੋਗਰਾਮ ਦੇ ਹਿੱਸੇ ਵਜੋਂ ਪਰਿਵਾਰਾਂ ਨੂੰ ਸੇਵਾਵਾਂ ਪ੍ਰਦਾਨ ਕਰਦੇ ਹਨ। ਇਹ ਪੇਸ਼ਾਵਰ (ਪ੍ਰੋਫੈਸ਼ਨਲਜ਼) ਦੂਸਰੇ ਹਸਪਤਾਲਾਂ, ਹੀਅਰਿੰਗ ਕਲਿਨਿਕਾਂ, ਹੈਲਥ ਯੂਨਿਟਾਂ, ਚਾਇਲਡ ਡਿਵੈਲਪਮੈਂਟ ਸੈਂਟਰਾਂ, ਅਰਲੀ ਇੰਟਰਵੈਨਸ਼ਨ ਪ੍ਰੋਗਰਾਮਾਂ, ਸਕੂਲਾਂ, ਪ੍ਰੀ-ਸਕੂਲਾਂ ਅਤੇ/ਜਾਂ ਚਾਇਲਡ ਕੇਅਰ ਸੈਂਟਰਾਂ ਨਾਲ ਸੰਬੰਧਤ ਹੋ ਸਕਦੇ ਹਨ।

ਨਿੱਜੀ ਜਾਣਕਾਰੀ ਸੂਬੇ ਦੇ *ਫਰੀਡਮ ਆਫ ਇਨਫਰਮੇਸ਼ਨ ਐੈਂਡ ਪ੍ਰੋਟੈਕਸ਼ਨ ਆਫ ਪ੍ਰਾਈਵੇਸੀ ਐਕਟ* ਅਧੀਨ ਇਕੱਤਰ ਕੀਤੀ ਜਾਂਦੀ ਹੈ। ਬੀ ਸੀ ਈ ਐੱਚ ਪੀ ਵਲੋਂ ਇਹ ਜਾਣਕਾਰੀ ਇਹ ਜਾਣਨ ਵਿੱਚ ਮਦਦ ਕਰਨ ਲਈ ਵਰਤੀ ਜਾਂਦੀ ਹੈ ਕਿ ਅਸੀਂ ਪਰਿਵਾਰਾਂ ਦੀਆਂ ਲੋੜਾਂ ਨੂੰ ਕਿੰਨੀ ਚੰਗੀ ਤਰ੍ਹਾਂ ਪੂਰੀਆਂ ਕਰ ਰਹੇ ਹਾਂ, ਅਸੀਂ ਆਪਣੇ ਪ੍ਰੋਗਰਾਮਾਂ ਅਤੇ ਸੇਵਾਵਾਂ ਵਿੱਚ ਕਿਵੇਂ ਸੁਧਾਰ ਕਰ ਸਕਦੇ ਹਾਂ ਅਤੇ ਅਸੀਂ ਚੰਗੀ ਸੰਭਾਲ ਨੂੰ ਕਿਵੇਂ ਯਕੀਨੀ ਬਣਾ ਸਕਦੇ ਹਾਂ। ਇਹ ਜਾਣਕਾਰੀ ਖੋਜ ਲਈ ਵੀ ਵਰਤੀ ਜਾ ਸਕਦੀ ਹੈ, ਜਿਵੇਂ ਕਿ *ਬੀ ਸੀ ਇਨਫਰਮੇਸ਼ਨ ਐਂਡ ਪ੍ਰੋਟੈਕਸ਼ਨ ਆਫ ਪ੍ਰਾਈਵੇਸੀ ਐਕਟ*, ਦੇ *ਸੈਕਸ਼ਨ 35* ਵਿੱਚ ਦੱਸਿਆ ਗਿਆ ਹੈ।

ਬੀ ਸੀ ਈ ਐੱਚ ਪੀ ਵਲੋਂ ਜਾਣਕਾਰੀ ਨੂੰ ਇਕੱਤਰ ਕਰਨ ਅਤੇ ਦੂਸਰਿਆਂ ਨਾਲ ਸਾਂਝੀ ਕਰਨ ਬਾਰੇ ਹੋਰ ਜਾਣਕਾਰੀ ਲੈਣ ਲਈ ਪ੍ਰੋਗਰਾਮ ਡਾਇਰੈਕਟਰ ਨਾਲ 250-519-5727 ਉੱਤੇ ਸੰਪਰਕ ਕਰੋ ਜਾਂ ਆਪਣੀ ਸਥਾਨਕ ਹੈਲਥ ਅਥਾਰਟੀ ਦੇ ਪ੍ਰਾਈਵੇਸੀ ਅਫਸਰ ਨਾਲ ਸੰਪਰਕ ਕਰੋ।

ਹੋਰ ਜਾਣਕਾਰੀ ਲੈਣ ਲਈ ਆਪਣੇ ਸਥਾਨਕ ਪਬਲਿਕ ਹੈਲਥ ਆਡਿਓਲੌਜੀ ਕਲਿਨਿਕ ਨਾਲ ਸੰਪਰਕ ਕਰੋ, **www.phsa.ca/earlyhearing** ਉੱਤੇ ਬੀ ਸੀ ਈ ਐੱਚ ਪੀ ਦਾ ਵੈੱਬਸਾਈਟ ਦੇਖੋ ਜਾਂ 1-866-612-2347 ਉੱਤੇ ਫੋਨ ਕਰੋ।